ਨਿਊਜ਼ ਰਿਲੀਜ਼

**27 ਜੂਨ, 2023**

## ਕੈਨੇਡਾ ਦੇ ਵਿਭਿੰਨ ਸੱਭਿਆਚਾਰਾਂ ਦਾ ਜਸ਼ਨ ਮਨਾਉਣਾ: ਮੰਤਰੀ ਯਾਸੀਨ

ਇਮੀਗ੍ਰੇਸ਼ਨ ਅਤੇ ਬਹੁ-ਸੱਭਿਆਚਾਰਵਾਦ ਵਿਭਾਗ ਦੇ ਮੰਤਰੀ ਮੁਹੰਮਦ ਯਾਸੀਨ ਨੇ ਕੈਨੇਡੀਅਨ ਬਹੁ-ਸੱਭਿਆਚਾਰਵਾਦ ਦਿਵਸ 'ਤੇ ਹੇਠ ਲਿਖਿਆ ਬਿਆਨ ਜਾਰੀ ਕੀਤਾ:

"ਕੈਨੇਡੀਅਨ ਬਹੁ-ਸੱਭਿਆਚਾਰਵਾਦ ਦਿਵਸ ਦਾ ਜਸ਼ਨ ਮਨਾਉਣ ਲਈ ਅਲਬਰਟਾ ਵਾਸੀ ਦੇਸ਼ ਭਰ ਦੇ ਕੈਨੇਡੀਅਨਾਂ ਨਾਲ ਸ਼ਾਮਲ ਹੋ ਰਹੇ ਹਨ।

"ਬਹੁਤ ਸਾਰੇ ਵੱਖ-ਵੱਖ ਸਭਿਆਚਾਰਾਂ ਤੋਂ ਨਵੇਂ ਆਏ ਲੋਕਾਂ ਦਾ ਸੁਆਗਤ ਕਰਨ ਦਾ ਅਲਬਰਟਾ ਦਾ ਲੰਮਾ ਅਤੇ ਮਾਣਮੱਤਾ ਇਤਿਹਾਸ ਹੈ। ਸਾਡਾ ਮੰਨਣਾ ਹੈ ਕਿ ਸਾਡੇ ਭਾਈਚਾਰਿਆਂ ਦੇ ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਤਾਣੇ-ਬਾਣੇ ਵਿੱਚ ਵਾਧਾ ਕਰਨ ਵਾਲੇ ਬਹੁਤ ਸਾਰੇ ਵੱਖ-ਵੱਖ ਸੱਭਿਆਚਾਰਕ ਸਮੂਹਾਂ ਕਾਰਨ ਸਾਡਾ ਸੂਬਾ ਮਜ਼ਬੂਤ ਹੈ।

"ਜਿਵੇਂ ਕਿ ਅਸੀਂ ਦੁਨੀਆ ਭਰ ਦੇ ਲੋਕਾਂ ਦਾ ਸੁਆਗਤ ਕਰਨਾ ਜਾਰੀ ਰੱਖ ਰਹੇ ਹਾਂ, ਇਹ ਮਹੱਤਵਪੂਰਨ ਹੈ ਕਿ ਅਸੀਂ ਇੱਕ ਬਹੁ-ਸੱਭਿਆਚਾਰਕ ਸਮਾਜ ਦੇ ਲਾਭ ਅਤੇ ਇਸਦੀਆਂ ਕਦਰਾਂ-ਕੀਮਤਾਂ ਨੂੰ ਅੱਗੇ ਵਧਾਉਣਾ ਜਾਰੀ ਰੱਖੀਏ।

"ਅਸੀਂ ਬਹੁ-ਸੱਭਿਆਚਾਰਵਾਦ ਬਾਰੇ ਪ੍ਰੀਮੀਅਰ ਦੀ ਕੌਂਸਲ (Premier's Council on Multiculturalism) ਅਤੇ ਅਲਬਰਟਾ ਦੀ ਨਸਲਵਾਦ ਵਿਰੋਧੀ ਸਲਾਹਕਾਰ ਕੌਂਸਲ (Alberta Anti-Racism Advisory Council) ਰਾਹੀਂ ਇਹ ਕੰਮ ਕਰਨ ਲਈ ਵਚਨਬੱਧ ਹਾਂ। ਇਸ ਤੋਂ ਇਲਾਵਾ, ਅਲਬਰਟਾ ਦੀ ਸਰਕਾਰ ਵੱਖ-ਵੱਖ ਗ੍ਰਾਂਟਾਂ ਦੀ ਪੇਸ਼ਕਸ਼ ਕਰਦੀ ਹੈ ਜਿਨ੍ਹਾਂ ਦਾ ਉਦੇਸ਼ ਉਨ੍ਹਾਂ ਬਹੁਤ ਸਾਰੇ ਸਭਿਆਚਾਰਾਂ ਦਾ ਜਸ਼ਨ ਮਨਾਉਣਾ ਅਤੇ ਉਹਨਾਂ ਨੂੰ ਪ੍ਰਫੁਲੱਤ ਕਰਨਾ ਹੈ ਜੋ ਇਸ ਸੂਬੇ ਨੂੰ ਘਰ ਕਹਿੰਦੇ ਹਨ।

"ਅੱਜ ਸਾਡੇ ਸਾਰਿਆਂ ਨੂੰ ਉਸ ਵਿਭਿੰਨਤਾ ਦਾ ਜਸ਼ਨ ਮਨਾਉਣ ਦਾ ਮੌਕਾ ਮਿਲਦਾ ਹੈ ਜੋ ਕੈਨੇਡਾ ਨੂੰ ਮਜ਼ਬੂਤ ਬਣਾਉਂਦੀ ਹੈ। ਮੈਂ ਤੁਹਾਨੂੰ ਕਿਸੇ ਹੋਰ ਸੱਭਿਆਚਾਰ ਬਾਰੇ, ਅਤੇ ਇਸ ਨੇ ਦੇਸ਼ ਭਰ ਦੇ ਸਾਡੇ ਭਾਈਚਾਰਿਆਂ ਵਿੱਚ ਕੀ ਯੋਗਦਾਨ ਪਾਇਆ ਹੈ, ਬਾਰੇ ਜਾਣਨ ਲਈ ਕੁਝ ਸਮਾਂ ਕੱਢਣ ਲਈ ਉਤਸ਼ਾਹਿਤ ਕਰਦਾ ਹਾਂ।"